ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4 ਸ਼ਾਖਾ)

ਹੁਕਮ

ਪੰਜਾਬ ਰਾਜ ਵਿਚ ਕੰਮ ਕਰ ਰਹੇ ਲੈਕਚਰਾਰਾਂ/ਮੁੱਖ ਅਧਿਆਪਕਾਂ/ਮੁੱਖ ਅਧਿਆਪਕਾਵਾਂ ਅਤੇ ਵੋਕੇਸ਼ਨਲ ਮਾਸਟਰ/ਲੈਕਚਰਾਰਾਂ ਵਿਚੋਂ ਅਪੰਗ ਵਿਅਕਤੀਆਂ ਦੇ 3% ਕੋਟੇ ਦੀਆਂ ਬਤੌਰ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ) ਗਰੁੱਪ-ਏ ਦੀਆਂ ਤਰੱਕੀਆਂ ਵਿੱਚ ਉਨ੍ਹਾਂ ਦਾ ਬੈਕਲਾਗ ਪੂਰਾ ਕਰਨ ਲਈ ਪਾਤਰਤਾ ਨਿਰਧਾਰਿਤ ਕਰਨ ਲਈ ਵਿਭਾਗ ਵਲੋਂ ਮਿਤੀ 30.10.2014 ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਰੱਖੀ ਗਈ ਸੀ। ਵਿਭਾਗੀ ਤਰੱਕੀ ਕਮੇਟੀ ਵਲੋਂ ਮੀਟਿੰਗ ਵਿਚ ਪ੍ਰਵਾਨ ਕੀਤੇ/ਲਏ ਗਏ ਫੈਸਲੇ ਅਨੁਸਾਰ ਹੇਠ ਲਿਖੇ ਲੈਕਚਰਾਰਾਂ/ਵੋਕੇਸ਼ਨਲ ਮਾਸਟਰ/ਲੈਕਚਰਾਰਾਂ ਨੂੰ ਪੰਜਾਬ ਐਜੂਕੇਸ਼ਨਲ ਸਰਵਿਸ (ਸਕੂਲ ਤੇ ਇੰਸਪੈਕਸ਼ਨ) ਰੂਲਜ, 2004 ਅਨੁਸਾਰ ਪੇਅ ਸਕੇਲ 15600-39100 + 6600 ਗ੍ਰੇਡ ਪੇਅ ਵਿਚ ਪ੍ਰੋਵੀਜਨਲ ਤੌਰ ਤੇ ਬਤੌਰ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ) ਗਰੁੱਪ-ਏ ਵਿਚ ਪਦਉਨਤ ਕੀਤਾ ਜਾਂਦਾ ਹੈ। ਇਨ੍ਹਾਂ ਦੀ ਤੈਨਾਤੀ ਬਾਅਦ ਵਿਚ ਕੀਤੀ ਜਾਵੇਗੀ:-

| ਲੜੀ ਨੰ: | ਸੀਨੀ: ਨੰ: | **ਇੰਟਰ ਸੇ ਸੀਨੀ ਨੰਬਰ** | ਨਾਮ/ਮੌਜੂਦਾ ਤੈਨਾਤੀ ਸਥਾਨ<br>ਸਰਵ ਸ੍ਰੀ/ਸ੍ਰੀਮਤੀ | ਕੈਟਾਗਰੀ |
|---|---|---|---|---|
| 1. | 88 | - | ਰਜਿੰਦਰ ਕੁਮਾਰ, ਵੋਕੇਸ਼ਨਲ ਮਾਸਟਰ,ਸਸਸਸ(ਕ) ਤਲਵਾੜਾ, ਹੁਸ਼ਿਆਰਪੁਰ। | **(ਅੰਗਹੀਣ ਆਰਥੋ)** |
| 2. | 95 | - | ਸੰਤੋਖ ਰਾਜ ਸਿੰਘ, ਵੋਕੇਸ਼ਨਲ ਮਾਸਟਰ, ਸਸਸਸ(ਕੰ) ਗੁਰਦਾਸਪੁਰ। | -ਉਹੀ- |
| 3. | 269 | - | ਰਾਜੇਸ਼ ਕੁਮਾਰ, ਵੋਕੇਸ਼ਨਲ ਮਾਸਟਰ, ਸਸਸਸ ਵੇਰਕਾ, ਅੰਮ੍ਰਿਤਸਰ। | -ਉਹੀ- |
| 4. | 666 | - | ਕੁਲਵੰਤ ਸਿੰਘ, ਵੋਕੇਸ਼ਨਲ ਮਾਸਟਰ, ਸਸਸਸ(ਕੰ) ਗਿੱਦੜਬਾਹਾ, ਮੁਕਤਸਰ। | -ਉਹੀ- |
| 5. | 1318 | 2198 | ਜਬਰਾ ਸਿੰਘ, ਲੈਕਚਰਾਰ ਹਿਸਟਰੀ, ਮੂਲੋਵਾਲ, ਸੰਗਰੂਰ | -ਉਹੀ- |
| 6. | 972 | 2307 | ਜੀਵਨ ਕੁਮਾਰੀ, ਲੈਕਚਰਾਰ ਪੰਜਾਬੀ, ਸਸਸਸ ਝੱਜੀ ਪਿੰਡ, ਹੁਸਿਆਰਪੁਰ। | -ਉਹੀ- |
| 7. | 1408 | 2358 | ਨਿਸ਼ਾਨ ਸਿੰਘ, ਸਸਸਸ ਡਰੋਲੀ ਕਲਾਂ, ਜਲੰਧਰ। | -ਉਹੀ- |
| 8. | 1413 | 2366 | ਮਨਜੀਤ ਸਿੰਘ, ਲੈਕਚਰਾਰ ਅਰਥ ਸ਼ਾਸ਼ਤਰ ਸਸਸਸ ਬਡਾ ਪਿੰਡ, ਜਲੰਧਰ। | -ਉਹੀ- |

| | | | | |
|---|---|---|---|---|
| 9. | 973 | 2372 | ਡਾ: ਕੰਵਲਜੀਤ ਕੌਰ, ਲੈਕਚਰਾਰ ਰਾਜਨੀਤੀ ਸ਼ਾਸ਼ਤਰ ਸਸਸਸ ਇਕੋਲਾਹਾ, ਲੁਧਿਆਣਾ। | -ਓਹੀ- |
| 10. | 1416 | 2380 | ਬਲਵੰਤ ਸਿੰਘ, ਲੈਕਚਰਾਰ ਰਾਜਨੀਤੀ ਸਾਸ਼ਤਰ, ਸਸਸਸ(ਕੰ) ਮਲੌਦ, ਲੁਧਿਆਣਾ। | -ਓਹੀ- |

2. ਇਹ ਹੁਕਮ ਤੁਰੰਤ ਲਾਗੂ ਹੋਣਗੇ।

3. ਇਹ ਹੁਕਮ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰਬਰ 22813/2013-ਰਿਡ ਵਿਦ ਸੁਪਰੀਮ ਕੋਰਟ ਦੇ ਸਿਵਲ ਅਪੀਲ ਨੰਬਰ 9096 ਆਫ 2013, ਯੂਨੀਅਨ ਆਫ ਇੰਡੀਆ ਅਤੇ ਹੋਰ ਬਨਾਮ ਨੈਸ਼ਨਲ ਫੈਡਰੇਸ਼ਨ ਆਫ ਬਲਾਇੰਡ ਚਾਈਲਡ ਅਤੇ ਹੋਰ ਵਿਚ ਮਿਤੀ 8-10-2013 ਦੀ ਪਾਲਣਾ ਵਿਚ ਅਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਲੰਬਿਤ ਸੀ ਓ ਸੀ ਪੀ ਨੰਬਰ 1310 ਆਫ 2014 ਮਨਜੀਤ ਸਿੰਘ ਬਨਾਮ ਅੰਜਲੀ ਭਾਵੜਾ, ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਵਿਭਾਗ ਅਤੇ ਸੀ ਓ ਸੀ ਪੀ ਨੰਬਰ 2158 ਆਫ 2014 ਆਧਾਰ ਤੇ ਕੀਤੇ ਜਾ ਰਹੇ ਹਨ।

4. ਇਹ ਤਰੱਕੀਆਂ ਬਿੱਲਕੁਲ ਆਰਜ਼ੀ ਹੋਣਗੀਆਂ। ਪੀ.ਈ.ਐਸ. ਗਰੁੱਪ-ਏ ਵਿਚ ਸੀਨੀਆਰਤਾ ਬਾਅਦ ਵਿਚ ਨਿਰਧਾਰਿਤ ਕੀਤੀ ਜਾਵੇਗੀ।

5. ਇਨ੍ਹਾਂ ਅਧਿਕਾਰੀਆਂ ਦਾ ਪਰਖਕਾਲ ਇੱਕ ਸਾਲ ਜਾਂ ਪੰਜਾਬ ਲੋਕ ਸੇਵਾ ਕਮਿਸਨ ਤੋਂ ਪ੍ਰਵਾਨਗੀ ਪ੍ਰਾਪਤ ਹੋਣ ਤੱਕ ਜਿਹੜੀ ਵੀ ਸਥਿਤੀ ਬਾਅਦ ਵਿਚ ਵਾਪਰੇ ਤੱਕ ਹੋਵੇਗਾ।

6. ਸਰਕਾਰ ਵਲੋਂ ਪਦਉਨਤੀਆਂ ਦੇ ਕੇਸਾਂ ਅਤੇ ਸੀਨੀਆਰਤਾ ਨਿਸ਼ਚਿਤ ਕਰਨ ਲਈ ਲਏ ਗਏ ਫੈਸਲੇ ਸਬੰਧਤ ਪਦਉਨਤ ਸਾਰੇ ਅਧਿਕਾਰੀਆਂ ਲਈ ਮੰਨਣਯੋਗ ਹੋਣਗੇ। ਇਹ ਅਧਿਕਾਰੀ 07 ਦਿਨਾਂ ਦੇ ਅੰਦਰ ਅੰਦਰ ਆਪਣੀ ਹਾਜ਼ਰੀ ਰਿਪੋਰਟ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ) ਕੋਲ ਪੇਸ਼ ਕਰਨਗੇ। ਜਦੋਂ ਤੱਕ ਨਵੀਂ ਤੈਨਾਤੀ ਨਹੀਂ ਹੋ ਜਾਂਦੀ ਤੱਦ ਤੱਕ ਇਹ ਅਧਿਕਾਰੀ ਆਪਣੇ ਪੁਰਾਣੇ ਸਕੂਲਾਂ ਵਿਚ ਹੀ ਕੰਮ ਕਰਦੇ ਰਹਿਣਗੇ।

7. ਜੇਕਰ ਨਿਸ਼ਚਿਤ ਸਮੇਂ ਦੇ ਅੰਦਰ ਪਦਉਨਤ ਹੋਏ ਅਧਿਕਾਰੀਆਂ ਵਲੋਂ ਆਪਣੀ ਹਾਜਰੀ

ਰਿਪੋਰਟ ਪੇਸ਼ ਨਹੀਂ ਕੀਤੀ ਗਈ ਤਾਂ ਉਸਨੂੰ ਨਿਯਮਾਂ ਅਨੁਸਾਰ 02 ਸਾਲ ਲਈ ਤਰੱਕੀ ਦੇ ਹੱਕ ਤੋਂ ਡੀਬਾਰ ਕਰ ਦਿੱਤਾ ਜਾਵੇਗਾ।

ਮਿਤੀ,ਚੰਡੀਗੜ੍ਹ: ਸੀ.ਰਾਊਲ
25 ਨਵੰਬਰ, 2014 ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ
ਸਿੱਖਿਆ ਵਿਭਾਗ (ਸਕੂਲਜ)

ਪਿੱਠ ਅੰਕਣ ਨੰ:1/176/2013-2ਸਿ4/35191111-12 ਮਿਤੀ,ਚੰਡੀਗੜ੍ਹ: 25/11/14

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ, (ਏ.ਐਂਡ.ਈ) ਆਡਿਟ ਵਿੰਗ,ਪੰਜਾਬ,ਚੰਡੀਗੜ੍ਹ।
2. ਸਕੱਤਰ,ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਅਜੀਤਗੜ੍ਹ । ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਕਾਪੀ ਐਸ.ਐਸ.ਏ. ਦੀ ਵੈਬਸਾਈਟ ਤੇ ਤੁਰੰਤ ਅੱਪਲੋਡ ਕਰਵਾਉਣ ਦੀ ਖੇਚਲ ਕੀਤੀ ਜਾਵੇ।
4. ਡਾਇਰੈਕਟਰ, ਸਿੱਖਿਆ ਵਿਭਾਗ (ਸੈਸਿ),ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਅਜੀਤਗੜ੍ਹ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਪਦਉਨਤ ਹੋਏ ਅਧਿਕਾਰੀਆਂ ਦੀ ਪਦਉਨਤੀ ਨਿਯਮਿਤ ਕਰਵਾਉਣ ਲਈ ਰਿਕਾਰਡ ਸਿੱਧੇ ਹੀ ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ ਅਤੇ ਸਰਕਾਰ ਨੂੰ ਵੀ ਸੂਚਿਤ ਕੀਤਾ ਜਾਵੇ।
5. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ, ਫਰੀਦਕੋਟ।
6. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।
7. ਸਬੰਧਤ ਅਧਿਕਾਰੀ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

ਅੰਦਰੂਨੀ ਵੰਡ

1. ਸਕੱਤਰ/ਮਾਨਯੋਗ ਸਿੱਖਿਆ ਮੰਤਰੀ,ਪੰਜਾਬ।
2. ਨਿੱਜੀ ਸਕੱਤਰ/ਪ੍ਰ.ਸ.ਸ.ਸਿ.
3. ਨਿੱਜੀ ਸਕੱਤਰ/ਵਿ.ਸ.ਸ.ਸਿ.